ਦਫਤਰ ਰਜਿਸਟਰਾਰ,ਸਹਿਕਾਰੀ ਸਭਾਵਾਂ,ਪੰਜਾਬ,ਚੰਡੀਗੜ੍ਹ
(ਰਿਣ ਸ਼ਾਖਾ-1)

ਵੱਲ

1 ਪ੍ਰਬੰਧਕ ਨਿਰਦੇਸ਼ਕ,
ਪੰਜਾਬ ਰਾਜ ਸਹਿਕਾਰੀ ਬੈਂਕ ਲਿਮ:
ਸੈਕਟਰ 34 ਚੰਡੀਗੜ੍ਹ।

2 ਸੰਯੁਕਤ/ਉਪ/ਸਹਾਇਕ ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ ਰਾਜ ਵਿਚ।

ਮੀਮੋ ਨੰ:ਰਸਸ/ਰਿਣ-1/ਸੀਏ-2/ 190 ਮਿਤੀ 28-3-18

ਵਿਸ਼ਾ: ਸਾਲ 2018-19 ਲਈ ਥੋੜ੍ਹੀ ਮਿਆਦ ਦੇ ਫਸਲੀ ਕਰਜ਼ਿਆ ਬਾਰੇ ਸਕੇਲ ਆਫ ਫਾਈਨਾਸ ਨਿਰਧਾਰਤ ਕਰਨ ਸਬੰਧੀ।

ਆਪ ਦਾ ਧਿਆਨ ਵਿਸ਼ੇ ਸਬੰਧੀ ਇਸ ਦਫਤਰ ਦੇ ਪੱਤਰ ਨੰ:ਰਸਸ/ ਰਿਣ/ ਸੀਏ-2/ ਸਕੇਲ ਆਫ ਫਾਈਨਾਸ/2018-19/2857 ਮਿਤੀ 19.3.2015 ਜਿਸ ਰਾਹੀਂ ਥੋੜੀ ਮਿਆਦ ਦੇ ਫਸਲੀ ਕਰਜ਼ਿਆ ਲਈ ਸਕੇਲ ਆਫ ਫਾਈਨਾਂਸ ਜਾਰੀ ਕੀਤੇ ਗਏ ਸਨ। ਇਸ ਉਪਰੰਤ ਪੱਤਰ ਮੀਮੋ ਨੰ:ਰਸਸ/ਰਿਣ/ਸੀਏ-2/ਸਕੇਲ ਆਫ ਫਾਈਨਾਸ/80 ਮਿਤੀ 2.3.2016 ਰਾਹੀ 2016-17 ਅਤੇ ਪੱਤਰ ਨੰ:231 ਮਿਤੀ 12.4.2017 ਰਾਹੀ ਸਾਲ 2017-18 ਰਾਹੀ ਇਨਾਂ ਨੂੰ extend ਕੀਤਾ ਗਿਆ ਸੀ।

ਰਜਿਸਟਰਾਰ, ਸਹਿਕਾਰੀ ਸਭਾਵਾਂ ਜੀ ਦੀ ਪ੍ਰਧਾਨਗੀ ਹੇਠ ਰਾਜ ਪੱਧਰੀ ਤਕਨੀਕੀ ਕਮੇਟੀ ਵੱਲੋ ਜਿਲ੍ਹਿਆਂ ਦੀਆਂ ਟੈਕਨੀਕਲ ਕਮੇਟੀਆਂ ਤੋਂ ਪ੍ਰਾਪਤ ਸਿਫਾਰਸਾਂ ਤੇ ਵਿਚਾਰ ਕੀਤਾ ਗਿਆ । ਆਰ.ਬੀ.ਆਈ, ਨਾਬਾਰਡ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਰਾਂ ਵੱਲੋ ਦਿੱਤੀਆਂ ਇੰਨਪੁਟਸ ਤੇ ਵਿਚਾਰ ਕਰਨ ਉਪਰੰਤ ਨਾਬਾਰਡ ਦੇ ਸਰਕੁਲਰ ਨੰ: ਨੰ:190/DoR-44/2017 ਮਿਤੀ 31-07-2017 ਵਿੱਚ ਹੇਠ ਲਿਖੇ ਅਨੁਸਾਰ ਵੇਰਵਾ ਦਰਜ਼ ਕੀਤਾ ਗਿਆ ਹੈ :-

"Interest Subvention would be available only on credit requirement for cultivation of crops and post-harvest loan components under ST limit of KCC, Limit towards household/consumption requirement/ maintenance expenses of farm assets, term loan etc. will be outside the purview of the Interest Subvention Scheme."

ਇਸ ਸਰਕੁਲਰ ਦੀ ਰੋਸ਼ਨੀ ਵਿੱਚ ਸਕੇਲ ਆਫ ਫਾਈਨਾਸ ਦੀ ਮੌਜੂਦਾ ਏ.ਬੀ.ਸੀ.ਡੀ. ਕੰਪੋਨੈਂਟਸ ਦੀ ਵਿਵਸਥਾ ਨੂੰ ਬਦਲ ਕੇ ਫਸਲਾਂ ਉਗਾਉਣ ਦੀ ਲਾਗਤ ਨੂੰ ਹੀ ਆਧਾਰ ਮੰਨ ਕੇ ਨਕਦੀ ਅਤੇ ਜਿਨਸ ਦੇ ਕੰਪੋਨੈਂਟਸ ਨੂੰ ਹੇਠ ਲਿਖੇ ਅਨੁਸਾਰ ਪਰਿਭਾਸ਼ਿਤ ਕੀਤਾ ਜਾਂਦਾ ਹੈ :-

**ੳ. ਏ ਕੰਪੋਨੈਂਟ** -ਫਸਲਾਂ ਨੂੰ ਉਗਾਉਣ ਲਈ ਹੋਣ ਵਾਲੇ ਉਹ ਖਰਚ ਜੋ ਕਿਸਾਨਾਂ ਵੱਲੋਂ ਨਗਦ ਰੂਪ ਵਿੱਚ ਲਏ ਜਾਂਦੇ ਹਨ, ਜਿਨ੍ਹਾਂ ਵਿੱਚ Post Harvest Loan Components ਸ਼ਾਮਲ ਹੈ।

**ਅ. ਬੀ ਕੰਪੋਨੈਂਟ** -ਫਸਲਾਂ ਉਗਾਉਣ ਵਿੱਚ ਕੰਮ ਆਉਣ ਵਾਲੀਆਂ ਜਿਨਸਾਂ ਜਿਵੇ ਕਿ ਖਾਦਾਂ, ਐਗਰੋ ਕੈਮੀਕਲ, ਬੀਜ ਅਤੇ ਖੇਤੀ ਸੰਦ ਜੋ ਸਭਾਵਾਂ ਵਿੱਚ ਕਿਰਾਏ ਲਈ ਉਪਲੱਬਧ ਹਨ ਅਤੇ ਡੀਜ਼ਲ ਆਦਿ, ਸ਼ਾਮਲ ਹਨ

ਨਾਬਾਰਡ ਦੇ ਸਰਕੁਲਰ ਨੰ: 231/DoR55/2017 25-10-2017 ਦੀ ਰੋਸ਼ਨੀ ਵਿੱਚ ਹੇਠ ਲਿਖੇ ਲਾਭਪਾਤਰੀ ਫਸਲੀ ਕਰਜ਼ਾ ਪ੍ਰਾਪਤ ਕਰਨ ਲਈ ਯੋਗ ਹੋਣਗੇ।

i. Farmers-individual/joint borrowers who are owner cultivators;

ii. Tenant farmers, oral lessees & share croppers;

ਇਸ ਕਮੇਟੀ ਦੀਆਂ ਸਿਫਾਰਸ਼ਾਂ ਦੇ ਅਧਾਰ ਤੇ ਸਾਲ 2018-19 ਵਿੱਚ ਹਾੜੀ ਅਤੇ ਸਾਉਣੀ ਦੀਆਂ ਵੱਖ ਵੱਖ ਫਸਲਾਂ ਲਈ ਸਕੇਲ ਆਫ ਫਾਈਨਾਸ ਪ੍ਰਤੀ ਏਕੜ ਹੇਠ ਲਿਖੇ ਅਨੁਸਾਰ ਨਿਰਧਾਰਤ ਕੀਤੇ ਜਾਂਦੇ ਹਨ :-

| ਸਾਲ 2018-19 ਵਿਚ ਪ੍ਰਵਾਨ ਕੀਤੇ ਸਕੇਲ ਆਫ ਫਾਈਨਾਸ (ਪ੍ਰਤੀ ਏਕੜ) | | | | |
|---|---|---|---|---|
| ਲੜੀ ਨੰ: | ਫਸਲ ਦਾ ਨਾਮ | ਨਕਦ (ਏ) | ਜਿਣਸ (ਬੀ) | ਕੁਲ ਜੋੜ |
| 1 | ਕਣਕ | 14000 | 9000 | 23000 |
| 2 | ਝੋਨਾ | 15000 | 9000 | 24000 |
| 3 | ਆਲੂ | 30000 | 15000 | 45000 |
| 4 | ਗੰਨਾ | 26000 | 10000 | 36000 |
| 5 | ਤੇਲ ਬੀਜ | 10500 | 7500 | 18000 |
| 6 | ਸਬਜੀਆ | 30000 | 10000 | 40000 |
| 7 | ਹਰਾ ਚਾਰਾ | 10000 | 7000 | 17000 |
| 8 | ਫੁੱਲ | 19000 | 11000 | 30000 |
| 9 | ਮੱਕੀ | 10000 | 8000 | 18000 |
| 10 | ਕਪਾਹ | 14000 | 10000 | 24000 |
| 11 | ਹਲਦੀ | 26000 | 8000 | 34000 |
| 12 | ਦਾਲਾਂ | 7300 | 5700 | 13000 |

ਇਹ ਸਕੇਲ ਆਫ ਫਾਈਨਾਂਸ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਲਾਗੂ ਕੀਤੇ ਜਾਣਗੇ:-

1. ਇਹ ਸਕੇਲ ਆਫ ਫਾਈਨਾਸ ਮਿਤੀ 1.4.2018 ਤੋਂ 31.3.2019 ਤੱਕ ਲਾਗੂ ਰਹਿਣਗੇ। ਇਨ੍ਹਾ ਨੂੰ ਸਹਿਕਾਰੀ ਬੈਂਕ ਅਤੇ ਸਭਾਵਾਂ ਅਪਨਾਉਣ ਲਈ ਪਾਬੰਦ ਹੋਣਗੀਆ।
2. ਇਹ ਤਸੱਲੀ ਕਰ ਲਈ ਜਾਵੇ ਕਿ ਕਿਸਾਨ ਜਿਹੜੀ ਫਸਲ ਬੀਜਦਾ ਹੈ। ਉਸੇ ਫਸਲ ਦਾ ਹੱਦ ਕਰਜ਼ਾ ਬਣਾਇਆ ਜਾਵੇ।
3. ਠੇਕੇ ਤੇ ਲਈ ਗਈ ਜ਼ਮੀਨ ਤੇ ਉਗਾਈਆਂ ਜਾਣ ਵਾਲੀਆਂ ਫਸਲਾਂ ਲਈ ਫਸਲੀ ਕਰਜ਼ੇ ਰਜਿਸਟਰਾਰ, ਸਹਿਕਾਰੀ ਸਭਾਵਾਂ ਵੱਲੋਂ ਜਾਰੀ ਹੋਈਆਂ ਹਦਾਇਤਾਂ ਅਨੁਸਾਰ ਜਾਰੀ ਕੀਤੇ ਜਾਣਗੇ ਜੋ ਵੱਖਰੇ ਤੌਰ ਤੇ ਜਾਰੀ ਕੀਤੀਆਂ ਜਾ ਰਹੀਆਂ ਹਨ।

ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਵਧੀਕ ਰਜਿਸਟਰਾਰ(ਰਿਣ)

ਪਿਠ ਅੰਕਣ ਨੰ:ਰਸਸ/ਰਿਣ-1/ਸੀਏ2/ 191 ਮਿਤੀ 28-3-18

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1 ਨਿੱਜੀ ਸਕੱਤਰ, ਵਿੱਤੀ ਕਮਿਸ਼ਨਰ ਸਹਿਕਾਰਤਾ ਨੂੰ ਵਿੱਤੀ ਕਮਿਸ਼ਨਰ ਸਹਿਕਾਰਤਾ ਜੀ ਦੀ ਜਾਣਕਾਰੀ ਹਿੱਤ।

2 ਵਿੱਤੀ ਕਮਿਸ਼ਨਰ ਮਾਲ, ਪੰਜਾਬ ਸਰਕਾਰ, ਚੰਡੀਗੜ੍ਹ।

3 ਵਾਈਸ ਚਾਂਸਲਰ, ਪੰਜਾਬ ਖੇਤੀਬਾੜੀ ਯੂਨੀਵਰਸਟੀ ਲੁਧਿਆਣਾ।

4 ਡਾਇਰੈਕਟਰ, ਖੇਤੀਬਾੜੀ ਵਿਭਾਗ, ਪੰਜਾਬ, (ਖੇਤੀ ਭਵਨ) ਫੇਜ਼ 6 ਨੇੜੇ ਦਾਰਾ ਸਟਿਡਿਓ, ਚੰਡੀਗੜ੍ਹ।

5 ਚੀਫ ਜਨਰਲ ਮੈਨੇਜਰ, ਨਾਬਾਰਡ ਸੈਕਟਰ 34 ਚੰਡੀਗੜ੍ਹ।

6 ਚੀਫ ਜਨਰਲ ਮੈਨੇਜਰ, ਆਰ.ਬੀ.ਆਈ. ਸੈਕਟਰ 17 ਚੰਡੀਗੜ੍ਹ।

7 ਕਨਵੀਨਰ, ਰਾਜ ਪੱਧਰੀ ਬੈਂਕਰਜ਼ ਕਮੇਟੀ ਪੰਜਾਬ (ਰਾਹੀਂ ਪੰਜਾਬ ਨੈਸ਼ਨਲ ਬੈਂਕ, ਸੈਕਟਰ 17 ਚੰਡੀਗੜ੍ਹ।

8 ਚੀਫ ਆਡੀਟਰ,ਸਹਿਕਾਰੀ ਸਭਾਵਾਂ, ਪੰਜਾਬ,ਚੰਡੀਗੜ।

9 ਪ੍ਰਬੰਧਕ ਨਿਰਦੇਸਕ, ਪੰਜਾਬ ਰਾਜ ਸਹਿਕਾਰੀ ਬੈਂਕ ਲਿਮ:ਚੰਡੀਗੜ੍ਹ।

10 ਪ੍ਰਬੰਧਕ ਨਿਰਦੇਸਕ, ਪੰਨਕੋਫੈਡ,ਪੰਜਾਬ,ਚੰਡੀਗੜ।

11 ਪੀ.ਏ.ਟੂ ਰ.ਸ.ਸ.ਨੂੰ ਮਾਨਯੋਗ ਰਜਿਸਟਰਾਰ,ਸਹਿਕਾਰੀ ਸਭਾਵਾਂ ਪੰਜਾਬ ਜੀ ਦੀ ਜਾਣਕਾਰੀ ਹਿੱਤ।

12 ਸਮੂਹ ਪ੍ਰਬੰਧਕ ਨਿਰਦੇਸ਼ਕ, ਕੇਂਦਰੀ ਸਹਿਕਾਰੀ ਬੈਂਕ ਪੰਜਾਬ ਰਾਜ ਵਿਚ।

ਵਧੀਕ ਰਜਿਸਟਰਾਰ(ਰਿਣ)